# ਤਹਾਡਾ ਸਰੀਰ – ਪੁਰਸ਼


NHS
Greater Glasgow and Clyde

**ਮੂਤਰਾਸ਼ਯ (ਬਲੈਡਰ)**
ਮੂਤਰਾਸ਼ਯ ਮੂਤਰ ਤਿਆਗ ਰਾਹੀਂ ਪਿਸ਼ਾਬ ਨੂੰ ਬਾਹਰ ਕੱਢਣ ਤੋਂ ਪਹਿਲਾਂ ਗੁਰਦਿਆਂ ਤੋਂ ਇਸਨੂੰ ਇਕੱਤਰ ਕਰਦਾ ਹੈ।

**ਸੇਮੀਨਲ ਵੈਸੀਕਲ**
ਛੋਟੀਆਂ ਟਿਊਬ ਵਰਗੀਆਂ ਗ੍ਰੰਥੀਆਂ ਦੀ ਇੱਕ ਜੋੜੀ ਜੋ ਤਰਲ ਪੈਦਾ ਕਰਦੀਆਂ ਹਨ, ਜੋ ਵੀਰਜ ਦਾ ਹਿੱਸਾ ਬਣਾਂਦਾ ਹੈ।.

**ਗਲੈਨਸ**
ਪੀਨਸ ਦੇ ਸਿਰੇ ‘ਤੇ ਸੰਵੇਦਨਸ਼ੀਲ ਬਣਤਰ.

**ਪਤਾਲੂ (ਸਕਰੋਟਮ) / ਵੀਰਜਕੋਸ਼ (ਟੈਸਟੀਕਲਸ) / ਟੈਸਟਿਸ**
ਤੁਹਾਡੇ ਦੋ ਵੀਰਜਕੋਸ਼ / ਟੈਸਟਿਸ ਹੁੰਦੇ ਹਨ (ਪਤਾਲੂ ਨਾਂ ਦੇ ਇੱਕ ਥੈਲੇ ਦੇ ਅੰਦਰ ਲਪੇਟੇ ਹੋਏ)। ਉਹ ਸ਼ੁਕਰਾਣੂ (ਸਪਰਮ) ਅਤੇ ਹਾਰਮੋਨ ਬਣਾਉਂਦੇ ਹਨ।



**ਲਿੰਗ (ਪੀਨਸ)**
ਇਹ ਪਿਸ਼ਾਬ ਕਰਨ ਅਤੇ ਅੰਤਰਪ੍ਰਵੇਸ਼ੀ ਸੈਕਸ ਲਈ ਵਰਤਿਆ ਜਾਂਦਾ ਹੈ। ਇੱਕ ਪੀਨਸ ਦਾ ਮਾਪ ਅਤੇ ਅਕਾਰ ਇੱਕ ਪੁਰਸ਼ ਤੋਂ ਦੂਸਰੇ ਵਿੱਚ ਵੱਖ-ਵੱਖ ਹੋ ਸਕਦਾ ਹੈ ਅਤੇ ਇੱਕ ਗੈਰ-ਉੱਤੇਜਿਤ ਪੀਨਸ ਇੱਕ ਉੱਤੇਜਿਤ ਪੀਨਸ ਤੋਂ ਛੋਟਾ ਹੁੰਦਾ ਹੈ।

**ਮੂਤਰ ਨਲੀ**


Sandyford

Punjabi Language Version

**ਸ਼ੁਕਰਾਣੂ ਨਲੀ ਅਤੇ ਗ੍ਰੰਥੀਆਂ (ਸਪਰਮ ਡਕਟ ਅਤੇ ਗਲੈਂਡਸ)**
ਸ਼ੁਕਰਾਣੂ ਨਲੀ ਤੁਹਾਡੇ ਮੂਤਰਾਸ਼ਯ ਦੇ ਬਿਲਕੁਲ ਹੇਠਾਂ ਹੈ ਅਤੇ ਇਹ ਸ਼ੁਕਰਾਣੂ ਨੂੰ ਟੈਸਟਿਸ ਤੋਂ ਲੈ ਕੇ ਮੂਤਰ ਨਲੀ (ਯੂਰੇਥਰਾ) ਤੱਕ ਲਿਆਉਂਦੀ ਹੈ। ਜਦੋਂ ਸ਼ੁਕਰਾਣੂ ਸ਼ੁਕਰਾਣੂ ਨਲੀ ਵਿਚੋਂ ਲੰਘਦਾ ਹੈ ਇਹ ਗ੍ਰੰਥੀਆਂ ਦੁਆਰਾ ਪੈਦਾ ਕੀਤੇ ਤਰਲਾਂ ਨਾਲ ਰਲ ਜਾਂਦਾ ਹੈ। ਇਸ ਮਿਸ਼ਰਣ ਨੂੰ ਵੀਰਜ ਕਿਹਾ ਜਾਂਦਾ ਹੈ।

**ਮੂਤਰਾਸ਼ਯ (ਬਲੈਡਰ)**
ਮੂਤਰਾਸ਼ਯ ਮੂਤਰ ਤਿਆਗ ਰਾਹੀਂ ਪਿਸ਼ਾਬ ਨੂੰ ਬਾਹਰ ਕੱਢਣ ਤੋਂ ਪਹਿਲਾਂ ਗੁਰਦਿਆਂ ਤੋਂ ਇਸਨੂੰ ਇਕੱਤਰ ਕਰਦਾ ਹੈ।

**ਮੂਤਰ ਨਲੀ**
ਤੁਹਾਡੇ ਪੀਨਸ ਦੇ ਅੰਦਰਲੀ ਨਲੀ ਜੋ ਮੂਤਰ ਨੂੰ ਮੂਤਰਾਸ਼ਯ (ਬਲੈਡਰ) ਤੋਂ ਤੁਹਾਡੇ ਸਰੀਰ ਦੇ ਬਾਹਰ ਲੈ ਕੇ ਜਾਂਦੀ ਹੈ ਅਤੇ ਵੀਰਜ (ਸੀਮਨ) ਨੂੰ ਬਾਹਰ ਕੱਢਦੀ ਹੈ ਜਦੋਂ ਤੁਸੀਂ ਇਜਾਕਯੂਲੇਟ ਕਰਦੇ ਹੋ।



**ਪੌਸਟ੍ਰੇਟ ਗਲੈਂਡ**
ਵੀਰਜ ਕਿਹਾ ਜਾਣ ਵਾਲਾ ਇੱਕ ਸੰਘਣਾ ਚਿੱਟਾ ਤਰਲ ਪੈਦਾ ਕਰਦਾ ਹੈ ਜੋ ਟੈਸਟਿਸ ਦੁਆਰਾ ਤਿਆਰ ਕੀਤੇ ਸ਼ੁਕਰਾਣੂਆਂ ਨਾਲ ਰਲ ਜਾਂਦਾ ਹੈ।

**ਲਿੰਗ ਦੀ ਅਗਲੀ ਚਮੜੀ (ਫੋਰਸਕਿਨ)**
ਚਮੜੀ ਜੋ ਤੁਹਾਡੇ ਲਿੰਗ (ਪੀਨਸ) ਦੇ ਸਿਰੇ ਨੂੰ ਕੱਜਦੀ ਹੈ। ਕੁਝ ਪੀਨਸ ਦੇ ਸਿਰੇ ਤੋਂ ਕਾਫੀ ਥੱਲੇ ਖਿੱਚੀਆਂ ਜਾ ਸਕਦੀਆਂ ਹਨ ਅਤੇ ਹੋਰ ਸਿਰਫ਼ ਥੋੜੀਆਂ ਜਿਹੀਆਂ। ਕੁਛ ਪੁਰਸ਼ ਧਾਰਮਕ ਜਾਂ ਡਾਕਟਰੀ ਕਾਰਨਾਂ ਕਰਨ ਇਸਨੂੰ ਉਤਰਵਾ ਦਿੰਦੇ ਹਨ।

**ਵੀਰਜਕੋਸ਼ / ਟੈਸਟਿਸ**
ਤੁਹਾਡੇ ਦੋ ਵੀਰਜਕੋਸ਼ / ਟੈਸਟਿਸ ਹੁੰਦੇ ਹਨ (ਪਤਾਲੂ ਨਾਂ ਦੇ ਇੱਕ ਥੈਲੇ ਦੇ ਅੰਦਰ ਲਪੇਟੇ ਹੋਏ)। ਉਹ ਸ਼ੁਕਰਾਣੂ (ਸਪਰਮ) ਅਤੇ ਹਾਰਮੋਨ ਬਣਾਉਂਦੇ ਹਨ।

Sandyford